ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀ ਮੰਜਿਲ, ਈ-ਬਲਾਕ, ਫੇਜ-8, ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰ. 775755 /2024 2617-33
ਮਿਤੀ :- 07/10/2024

ਵਿਸ਼ਾ ਵਿਸ਼ਾ ਡਾ. ਅੰਬੇਦਕਰ ਪੋਰਟਲ ਤੇ ਸੰਸਥਾਵਾਂ ਦੇ ਇਕ ਤੋਂ ਵੱਧ ਵਾਰ ਰਜਿਸਟਰ ਹੋਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਡਾਇਰੈਕਟਰ , ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵਲੋਂ ਪ੍ਰਾਪਤ ਐਕਸ਼ਲ ਸ਼ੀਟ ਭੇਜ ਕੇ ਲਿਖਿਆ ਗਿਆ ਹੈ ਕਿ ਡਾ. ਅੰਬੇਦਕਰ ਪੋਰਟਲ ਤੇ ਕੁਝ ਸੰਸਥਾਵਾਂ ਹਨ ਜੋ ਇੱਕ ਤੋ ਵੱਧ ਵਾਰ ਰਜਿਸਟਰ ਕੀਤੀਆਂ ਗਈਆਂ ਹਨ। ਇਸ ਲਿਸਟ ਵਿਚ ਆਪ ਦੇ ਜਿਲ੍ਹੇ ਅਧੀਨ ਆਉਂਦੇ ਸਕੂਲਾਂ ਤੋਂ ਸੂਚਨਾ 2 ਦਿਨ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਭੇਜੀ ਜਾਵੇ ਕਿ ਉਨ੍ਹਾਂ ਵਲੋਂ ਡਾ. ਅੰਬੇਦਕਰ ਪੋਰਟਲ ਤੇ ਕਿਹੜੀ ਆਈ.ਡੀ ਇਸਤੇਮਾਲ ਨਹੀਂ ਕੀਤੀ ਜਾ ਰਹੀ, ਤਾਂ ਜੋ ਉਸ ਆਈ.ਡੀ ਨੂੰ ਡਲੀਟ ਕੀਤਾ ਜਾ ਸਕੇ। ਇਸ ਦੇ ਨਾਲ ਹੀ ਜਿਹੜੇ ਸਕੂਲਾਂ ਨੂੰ UDISE Code ਅਲਾਟ ਨਹੀਂ ਹੋਇਆ, ਉਨ੍ਹਾਂ ਦੀ ਸੂਚਨਾ ਵੀ ਭੇਜੀ ਜਾਵੇ।

ਉਕਤ ਤੋਂ ਇਲਾਵਾ ਆਪਣੇ ਅਧੀਨ ਆਉਂਦੇ ਸਕੂਲਾਂ ਤੋਂ ਇਹ ਸਰਟੀਫਿਕੇਟ ਲਿਆ ਜਾਵੇ ਕਿ ਉਨ੍ਹਾਂ ਵਲੋਂ ਡਾ. ਅੰਬੇਦਕਰ ਪੋਰਟਲ ਤੇ ਇਕ ਹੀ ਆਈ.ਡੀ. ਇਸਤੇਮਾਲ ਕੀਤੀ ਜਾ ਰਹੀ ਹੈ, ਜੇਕਰ ਕਿਸੇ ਸਕੂਲਾਂ ਵਲੋਂ ਭਵਿੱਖ ਵਿਚ 2 ਆਈ.ਡੀ ਚਲਾਈਆ ਜਾਂਦੀਆਂ ਹਨ ਅਤੇ ਕਿਸੇ ਵਿਦਿਆਰਥੀ ਨੂੰ ਦੋਹਰੀ ਅਦਾਇਗੀ ਹੁੰਦੀ ਹੈ, ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਂ.ਸਿ) ਦੀ ਹੋਵੇਗੀ।

ਨੱਥੀ- ਉਕਤ ਅਨੁਸਾਰ

07.10.24

ਸਹਾਇਕ ਡਾਇਰੈਕਟਰ (ਵਜੀਫਾ ਸ਼ਾਖਾ)

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(1)/2024/1425 ਮਿਤੀ 08-10-24

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ/ਪ੍ਰਾਈਵੇਟ ਸੰਸਥਾਵਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਨਾਲ ਹੀ ਇਹ ਸਪਸ਼ਟੀਕਰਨ ਵੀ ਦਿੱਤਾ ਜਾਵੇ ਕਿ ਸਕੂਲ ਵਲੋਂ ਡਾ. ਅੰਬੇਦਕਰ ਪੋਰਟਲ ਤੇ ਕਿੰਨੇ ਹੀ ਆਈ.ਡੀ ਇਸਤੇਮਾਲ ਕੀਤੀ ਜਾ ਰਹੀ ਹੈ, ਜੇਕਰ ਕਿਸੇ ਸਕੂਲਾਂ ਵਲੋਂ ਭਵਿੱਖ ਵਿੱਚ 2 ਆਈ.ਡੀ ਬਣਾਈਆਂ ਗਈਆਂ ਹਨ ਅਤੇ ਕਿਸੇ ਵਿਦਿ: ਨੂੰ ਦੋ ਵਾਰ ਵਜੀਫੇ ਦੀ ਅਦਾਇਗੀ ਹੋ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

Signature 08/10/24

ਉ. ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ

Signature 8/10/24